# ਆਓ ਹੱਲ ਕੱਢੀਏ....


?

ਜਗਤਾਰ ਸਿੰਘ ਸੋਖੀ


: 9417166386

Scanned by CamScanner


# ਹਿੰਦੋਸਤਾਨੀ ਸੱਭਿਅਤਾ ਦੀ ਗੌਰਵਮਈ ਸਮਾਂ-ਵੰਡ




ਚਿੱਤਰ ੧




ਚਿੱਤਰ ੨




ਚਿੱਤਰ ੩

ਚਿੱਤਰ ੧: ਹਿੰਦੋਸਤਾਨ ਦੀ ਸੱਭਿਅਤਾ ਦਾ ਮੂਲ "ਸੁੰਨ" ਤੋਂ ਉਪਜਦਾ ਹੈ।

ਚਿੱਤਰ ੨: ਹਿੰਦੋਸਤਾਨੀ ਸੱਭਿਅਤਾ ਦੀ ਵਕਤ ਵੰਡ

ਚਿੱਤਰ ੩: ਪਹਿਲੀ ਛੋਟੀ ਸੂਈ (੪) ਪਹਿਰ = ੧ ਪੂਰਾ ਚੱਕਰ। ਦੂਜੀ ਦਰਮਿਆਨੀ ਸੂਈ (30) ਘੜੀਆਂ = ੧ ਪੂਰਾ ਚੱਕਰ। ਤੀਜੀ ਵੱਡੀ ਸੂਈ ਸੱਠ (੬0) ਪਲ = ੧ ਚੱਕਰ।

ਅੱਖ ਦੀ ਪੁਤਲੀ ਦਾ ਝਪਕਣਾ = ਨਿਮਖ
15 ਵਾਰ ਅੱਖ ਝਪਕਣਾ = ਇੱਕ ਵਿਸਾ
15 ਵਿਸੇ = ਇੱਕ ਚਸਾ
30 ਚਸਿਆ = ਇੱਕ ਪਲ
60 ਪਲ = ਇੱਕ ਘੜੀ
ਸਾਢੇ ਸੱਤ ਘੜੀਆਂ = ਇੱਕ ਪਹਿਰ
ਅੱਠ ਪਹਿਰ = ਇੱਕ ਦਿਨ ਰਾਤ
ਇੱਕ ਦਿਨ = 30 ਘੜੀਆਂ
ਪੰਦਰਾਂ ਦਿਨ = ਇੱਕ ਪੱਖ
ਪੰਦਰਾਂ ਦਿਨਾਂ ਦੀਆ = ਪੰਦਰਾਂ ਥਿੱਤੀਵਾਰ
ਸੱਤ ਦਿਨ = ਸਤਵਾਰ / ਹਫ਼ਤਾ
ਚਾਰ ਹਫ਼ਤੇ = ਇੱਕ ਮਹੀਨਾ
ਬਾਰਾਂ ਮਹੀਨੇ = ਇੱਕ ਸਾਲ / ਵਰਸ
ਬਾਰਾਂ ਵਰਸ = ਇੱਕ ਕੁੰਭ
ਸੌ ਵਰਸ = ਇੱਕ ਸ਼ਤਾਬਦੀ



Scanned by CamScanner

# ਕੁਝ ਦਿਮਾਗੀ ਸਵਾਲ



1. ਇੱਕ ਬਾਂਸ 10 ਮੀਟਰ ਉੱਚਾ ਹੈ। ਬਾਂਦਰ ਉਸ ਦੀ ਚੋਟੀ 'ਤੇ ਪਹੁੰਚਣਾ ਚਾਹੁੰਦਾ ਹੈ ਪਰ ਸਮੱਸਿਆ ਇਹ ਹੈ ਕਿ ਬਾਂਦਰ ਇੱਕ ਦਿਨ ਵਿੱਚ 5 ਮੀਟਰ ਉੱਪਰ ਚੜ੍ਹਦਾ ਹੈ ਅਤੇ 4 ਮੀਟਰ ਥੱਲੇ ਆ ਜਾਂਦਾ ਹੈ। ਦੱਸੋ ਬਾਂਦਰ ਕਿੰਨੇ ਦਿਨਾਂ ਵਿੱਚ ਬਾਂਸ ਦੀ ਚੋਟੀ ਉੱਤੇ ਪਹੁੰਚੇਗਾ?



2. ਇੱਕ ਕਿਸ਼ਤੀ ਨਾਲ਼ ਚਾਰ ਮੀਟਰ ਲੰਬੀ ਪੌੜੀ ਬੰਨੀ ਹੋਈ ਹੈ। ਇੱਕ ਨਦੀ ਵਿੱਚ ਤੂਫ਼ਾਨ ਆ ਗਿਆ ਜਿਸ ਕਾਰਨ ਨਦੀ ਦਾ ਉੱਪਰ ਚੜ੍ਹਨ ਲੱਗ ਪਿਆ। ਪੌੜੀ ਦਾ ਇੱਕ ਮੀਟਰ ਸਿਰਾ ਪਾਣੀ ਵਿੱਚ ਡੁੱਬਿਆ ਹੋਇਆ ਹੈ। ਜੇ ਨਦੀ ਦਾ ਪਾਣੀ ਇੱਕ ਘੰਟਾ/ਮੀਟਰ ਦੇ ਹਿਸਾਬ ਨਾਲ ਚੜ੍ਹੇ, ਤਾਂ ਪੌੜੀ ਕਿੰਨੇ ਚਿਰ ਵਿੱਚ ਡੁੱਬੇਗੀ?



3. ਝੀਲ ਵਿੱਚ ਜੇ ਇੱਕ ਫੁੱਲ ਪਾਇਆ ਜਾਵੇ ਤਾਂ ਅਗਲੇ ਦਿਨ ਦੋ ਹੋ ਜਾਂਦੇ ਹਨ ਅਤੇ ਅਗਲੇ ਦਿਨ ਚਾਰ। ਉਸ ਤੋਂ ਅਗਲੇ ਦਿਨ ਅੱਠ ਹੋ ਜਾਂਦੇ ਹਨ। ਇਸ ਤਰ੍ਹਾਂ ਇਹ ਝੀਲ 62 ਦਿਨਾਂ ਵਿੱਚ ਪੂਰੀ ਭਰ ਜਾਂਦੀ ਹੈ। ਦੱਸੋ ਅੱਧੀ ਕਿੰਨੇ ਦਿਨਾ ਵਿੱਚ ਹੋਈ ਸੀ?





4. 10 ਪੌਦੇ, 5 ਲਾਈਨਾਂ ਵਿੱਚ ਕਿਵੇਂ ਲਗਾਏ ਜਾਣਗੇ ਕਿ ਹਰੇਕ ਲਾਈਨ 4 ਪੌਦੇ ਲੱਗੇ ਹੋਏ ਨਜ਼ਰ ਆਉਣ।




Scanned by CamScanner

5 5. 1 ਤੋਂ 8 ਤੱਕ ਦੇ ਅੰਕ ਡੱਬਿਆਂ ਵਿੱਚ ਇਸ ਤਰ੍ਹਾਂ ਭਰੋ ਕਿ ਕੋਈ ਵੀ ਅੰਕ ਲਗਾਤਾਰ ਤਰਤੀਬ ਵਿੱਚ ਨਾ ਆਵੇ।







6 6. 

ਨੌਂ ਡੱਬਿਆਂ ਦਾ ਇੱਕ ਵਰਗ ਬਣਾਓ ਅਤੇ ਇਸ ਵਿੱਚ 1 ਤੋਂ 9 ਤੱਕ ਅੰਕਾਂ ਨੂੰ ਇਸ ਤਰ੍ਹਾਂ ਲਿਖੋ ਕਿ ਹਰ ਪਾਸੇ ਤੋਂ ਅੰਕਾਂ ਦਾ ਜੋੜਫਲ 15 ਆਵੇ।

7 7. ਤਿੰਨ ਅੰਕਾਂ ਵਾਲੀ ਕੋਈ ਸੰਖਿਆ ਲਓ। ਉਸ ਦੇ ਅੰਕਾਂ ਦੀ ਤਰਤੀਬ ਉਲਟਾ ਦਿਓ। ਸੰਖਿਆ ਅਤੇ ਉਲਟਾ ਕੇ ਪ੍ਰਾਪਤ ਸੰਖਿਆ ਦੀ ਘਟਾਓ ਕਰੋ। ਜੋ ਉੱਤਰ ਪ੍ਰਾਪਤ ਹੋਵੇਗਾ ਦੀ ਤਰਤੀਬ ਨੂੰ ਵੀ ਉਲਟਾ ਦਿਓ ਅਤੇ ਇਹਨਾਂ ਨੂੰ (ਉੱਤਰ ਅਤੇ ਉਲਟਾ ਕੀਤੇ ਉੱਤਰ) ਆਪਸ ਵਿੱਚ ਜੋੜਨ ਤੇ 1089 ਪ੍ਰਾਪਤ ਹੋਵੇਗਾ। ਸੰਖਿਆ ਦੱਸੋ?



8 8. 

ਇੱਕ ਆਦਮੀ ਕੋਲ ਕੁਝ ਕੇਲੇ ਸਨ। ਉਸ ਨੇ 125 ਕੇਲੇ ਬੱਚਿਆਂ ਨੂੰ ਦੇ ਦਿੱਤੇ। ਬੱਚਿਆਂ ਨੇ ਕੇਲੇ ਖਾ ਕੇ ਛਿਲਕੇ ਸੁੱਟ ਦਿੱਤੇ। ਕੇਲਿਆਂ ਵਾਲੇ ਨੇ ਬੱਚਿਆਂ ਨੂੰ ਬੱਚਿਆਂ ਨੂੰ ਕਿਹਾ ਕਿ ਜਿਹੜਾ ਬੱਚਾ 5 ਛਿਲਕੇ ਇਕੱਠੇ ਕਰਕੇ ਟੋਕਰੀ ਵਿੱਚ ਪਾਵੇਗਾ ਉਸਨੂੰ ਇੱਕ ਕੇਲਾ ਹੋਰ ਖਾਣ ਨੂੰ ਮਿਲੇਗਾ। ਬੱਚਿਆਂ ਨੇ ਸਾਰੇ ਛਿਲਕੇ ਕੱਠੇ ਕਰਕੇ ਟੋਕਰੀ ਵਿੱਚ ਪਾ ਦਿੱਤੇ। ਇਸ ਤਰ੍ਹਾਂ ਦੱਸੋ ਉਸਨੇ ਕਿੰਨੇ ਹੋਰ ਕੇਲੇ ਫ਼ਾਲਤੂ ਦਿੱਤੇ।


9 9. ਪੰਜ ਤੀਏ (3) ਇਸ ਤਰ੍ਹਾਂ ਵਰਤੋ ਕਿ ਅਖ਼ੀਰ ਤੇ ਉੱਤਰ 100 ਆਵੇ।

3 3 3 3 3



Scanned by CamScanner


10 10. ਅਸ਼ੋਕ ਨੇ ਕੁਝ ਖ਼ਰਗੋਸ਼ ਅਤੇ ਮੁਰਗ਼ੇ-ਮੁਰਗ਼ੀਆਂ ਪਾਲੇ। ਸਾਰੇ ਜਾਨਵਰ ਇਕੱਠੇ ਖੜ੍ਹੇ ਹਨ। ਸਿਰ ਗਿਣੀਏ ਤਾਂ 1000 ਅਤੇ ਜੇਕਰ ਪੈਰ ਗਿਣੀਏ ਤਾਂ 3150 ਹਨ। ਦੱਸੋ ਕਿੰਨੇ ਖ਼ਰਗੋਸ਼ ਅਤੇ ਕਿੰਨੇ ਮੁਰਗ਼ੇ-ਮੁਰਗ਼ੀਆਂ ਹਨ?




11 11. ਇਕ ਰਾਜੇ ਕੋਲ 24 ਘੋੜੇ ਸਨ। ਉਸ ਨੇ ਆਪਣੇ ਨੌਕਰ ਨੂੰ ਕਿਹਾ ਕਿ ਉਹ ਕਿਲ੍ਹੇ ਦੇ ਚਾਰੇ ਪਾਸੇ ਘੋੜੇ ਇਸ ਤਰ੍ਹਾਂ ਬੰਨ੍ਹ ਕੇ ਗਿਣਤੀ ਕਰੇ ਕਿ ਹਰ ਪਾਸਿਓਂ 9 ਦਿਸਣ।





ਕੁਝ ਦਿਨ ਬਾਦ ਇੱਕ ਸੁਦਾਗਰ ਆ ਗਿਆ। ਉਸ ਨੇ ਆਪਣੇ 4 ਘੋੜੇ ਵੀ ਉਹਨਾਂ ਦੇ ਨਾਲ਼ ਹੀ ਬੰਨ੍ਹ ਦਿੱਤੇ। ਦੇਖਣ ਤੇ ਗਿਣਤੀ ਫਿਰ ਵੀ 9 ਹੀ ਲੱਗਦੀ ਸੀ।




ਕੁਝ ਦਿਨਾਂ ਬਾਦ ਉਹ ਆਪਣੇ 4 ਘੋੜਿਆਂ ਦੇ ਨਾਲ਼ ਰਾਜੇ ਦੇ 4 ਘੋੜੇ ਵੀ ਲੈ ਗਿਆ। ਫਿਰ ਵੀ ਦੇਖਣ ਤੇ ਹਰ ਪਾਸਿਓਂ 9 ਹੀ ਲੱਗਦੇ ਸਨ। ਕਿਵੇਂ?




12 12. ਇੱਕ ਕਿਲੋਗ੍ਰਾਮ (1Kg) ਤੋਂ ਚਾਲ਼ੀ ਕਿਲੋਗ੍ਰਾਮ (40Kg) ਤੱਕ ਵਜਨ ਤੋਲਣਾ ਹੈ। ਚਾਰ ਵੱਖ-ਵੱਖ ਵੱਟੇ ਦੱਸੋ।



13 13. ਇੱਕ ਵਪਾਰੀ ਇੱਕ ਚੀਜ 100 ਰੁ: ਦੀ ਖਰੀਦ ਕੇ 90 ਰੁ: ਵਿੱਚ ਵੇਚਦਾ ਹੈ। ਇੱਕ ਸਾਲ ਬਾਦ ਉਹ ਲੱਖ-ਪਤੀ ਹੋ ਜਾਂਦਾ ਹੈ, ਕਿਵੇਂ?



14 14. ਦੋ ਦਰੱਖ਼ਤਾਂ ਤੇ ਕੁਝ ਚਿੜੀਆਂ ਬੈਠੀਆਂ ਹਨ। ਇੱਕ ਪਾਸਿਓਂ ਜੇ 5 ਚਿੜੀਆਂ ਉੱਡ ਕੇ ਦੂਜੇ ਪਾਸੇ ਜਾਣ ਤਾਂ ਬਰਾਬਰ ਹੋ ਜਾਂਦੀਆਂ ਹਨ। ਪੰਜ ਜੇ ਦੂਸਰੇ ਪਾਸੇ ਆਉਣ ਤਾਂ 6 ਗੁਣਾਂ ਹੋ ਜਾਂਦੀਆਂ ਹਨ। ਦੋਵੇਂ ਪਾਸੇ ਚਿੜੀਆਂ ਦੀ ਗਿਣਤੀ ਦੱਸੋ?






Scanned by CamScanner

15. ਰਾਮ ਕੋਲ ਇੱਕ ਬਿੱਲੀ, ਇੱਕ ਖ਼ਰਗੋਸ਼ ਅਤੇ ਇੱਕ ਕੁੱਤਾ ਹੈ। ਜੇਕਰ ਖ਼ਰਗੋਸ਼ ਅਤੇ ਬਿੱਲੀ ਦਾ ਭਾਰ ਇਕੱਠਿਆਂ




ਤੋਲਿਆ ਜਾਵੇ ਤਾਂ 10 ਕਿਲੋ ਹੈ। ਜੇਕਰ ਖਰਗੋਸ਼ ਅਤੇ ਕੁੱਤੇ ਨੂੰ ਇਕੱਠਿਆਂ ਤੋਲਿਆ ਜਾਵੇ ਤਾਂ ਭਾਰ 20 ਕਿਲੋ ਅਤੇ ਜੇਕਰ ਬਿੱਲੀ ਅਤੇ ਕੁੱਤੇ ਨੂੰ ਇਕੱਠਿਆਂ ਤੋਲਿਆ ਜਾਵੇ ਤਾਂ ਭਾਰ 24 ਕਿਲੋ-ਗ੍ਰਾਮ ਹੈ। ਤਿੰਨਾਂ ਦਾ ਕੁੱਲ ਭਾਰ ਕਿੰਨਾ ਹੈ ਅਤੇ ਅਲੱਗ-ਅਲੱਗ ਕਿੰਨਾ ਹੈ?

16.




ਤਿੰਨ ਬਰਤਨ ਜਿਨ੍ਹਾਂ ਦੀ ਸਮਰੱਥਾ – 3 ਲਿਟਰ, 5 ਲਿਟਰ ਅਤੇ 8 ਲਿਟਰ ਹੈ। 8 ਲਿਟਰ ਵਾਲ਼ਾ ਬਰਤਨ ਦੁੱਧ ਨਾਲ਼ ਭਰਿਆ ਹੋਇਆ ਹੈ। ਇਸ ਵਿੱਚੋਂ 4 ਲਿਟਰ ਦੁੱਧ ਕੱਢਣਾ ਹੈ। ਹੋਰ ਕੋਈ ਵੀ ਬਰਤਨ ਨਹੀਂ ਵਰਤਣਾ ਅਤੇ 4 ਲਿਟਰ ਇੱਕ ਬਰਤਨ ਵਿੱਚ ਪਾਉਣਾ ਹੈ। ਦੱਸੋ ਕਿਵੇਂ?

17. ਇੱਕ ਕਾਰ ਜਿਸ ਦਾ ਨੰਬਰ 4 ਅੰਕਾਂ ਦਾ ਹੈ, ਉਸ ਦਾ ਅਖ਼ੀਰਲਾ ਅੰਕ ਪਹਿਲੇ ਅੰਕ ਦਾ ਦੁੱਗਣਾ ਹੈ। ਦੂਜਾ



ਅਤੇ ਤੀਜਾ ਅੰਕ ਬਰਾਬਰ ਹੈ। ਪਿੱਛਲੇ ਦੋ ਅੰਕ ਪਹਿਲੇ ਦੋ ਅੰਕਾਂ ਦਾ ਦੁੱਗਣਾ ਹੈ। ਕਾਰ ਦਾ ਨੰਬਰ ਦੱਸੋ।

18.

| 5 |
|---|

| 7 | 3 |
|---|---|

| 5 | 8 | 2 |
|---|---|---|

| 9 | 6 | 4 | ? |
|---|---|---|---|



Scanned by CamScanner

19 ਰੀਟਾ ਨੇ ਆਪਣੀ ਸਹੇਲੀ ਰੀਤੂ ਦੇ ਘਰ ਜਾਣਾ ਸੀ। ਉਸ ਨੇ ਸਮਾਂ ਦੇਖਣ ਲਈ ਟਾਈਮ-ਪੀਸ ਦੇਖਿਆ ਤਾਂ ਉਹ ਬੰਦ ਸੀ। ਉਸ ਨੇ ਟਾਈਮ-ਪੀਸ ਚਾਲੂ ਕੀਤਾ। ਉਸ ਨੇ ਟਾਈਮ-ਪੀਸ ਤੋਂ ਗਲ਼ਤ ਸਮਾਂ ਹੀ ਨੋਟ ਕੀਤਾ ਅਤੇ ਚੱਲ ਪਈ। ਰੀਟਾ ਨੇ ਰੀਤੂ ਦੇ ਘਰ ਜਾਂਦਿਆਂ ਹੀ ਉਹਨਾਂ ਦੇ ਟਾਈਮ-ਪੀਸ ਤੇ ਸਮਾਂ ਦੇਖਿਆ। ਗੱਲਾਂ ਬਾਤਾਂ ਕਰਕੇ ਉਹ ਫਿਰ ਸਮਾਂ ਦੇਖ ਕੇ ਆਪਣੇ ਘਰ ਵਾਪਸ ਆ ਗਈ। ਉਸ ਨੇ ਆਉਂਦਿਆਂ ਹੀ ਆਪਣੇ ਟਾਈਮ-ਪੀਸ 'ਤੇ ਸਮਾਂ ਦੇਖਿਆ, ਫਿਰ ਉਸ 'ਤੇ ਸਮਾਂ ਠੀਕ ਕਰ ਦਿੱਤਾ। ਜੇ ਉਸ ਨੂੰ ਰੀਤੂ ਦੇ ਘਰ ਆਉਣ-ਜਾਣ ਤੇ ਬਰਾਬਰ ਸਮਾਂ ਲੱਗਿਆ ਹੋਵੇ ਤਾਂ ਦੱਸੋ ਉਸ ਨੇ ਆਪਣੇ ਟਾਈਮ-ਪੀਸ ਤੇ ਸਮਾਂ ਕਿਵੇਂ ਸੈੱਟ ਕੀਤਾ?



20.



ਰਾਜੂ ਬੜਾ ਹੁਸ਼ਿਆਰ ਲੜਕਾ ਹੈ। ਉਸ ਨੇ ਇੱਕ ਦਿਨ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੈਂ ਤੁਹਾਡਾ ਬਟੂਆ ਦੇਖੇ (ਖੋਲ੍ਹੇ) ਬਿਨਾ ਹੀ ਦੱਸ ਸਕਦਾ ਹਾਂ ਕਿ ਤੁਹਾਡੇ ਬਟੂਏ ਵਿੱਚ ਕਿੰਨੇ ਪੈਸੇ ਹਨ?

ਉਸ ਦੇ ਪਿਤਾ ਜੀ ਬਹੁਤ ਹੈਰਾਨ ਹੋਏ। ਰਾਜੂ ਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਉਹ ਇੱਕ ਪਾਸੇ ਜਾ ਕੇ ਆਪਣੇ ਬਟੂਏ ਵਿੱਚੋਂ ਸਾਰੀ ਰਕਮ ਗਿਣ ਕੇ ਆਉਣ।

ਥੋੜ੍ਹੇ ਚਿਰ ਪਿੱਛੋਂ ਉਸ ਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਉਹ ਗਿਣੀ ਹੋਈ ਰਕਮ ਨੂੰ 2 ਨਾਲ਼ ਗੁਣਾ ਕਰ ਦੇਣ ਅਤੇ ਫਿਰ ਗੁਣਨਫ਼ਲ ਵਿੱਚ 5 ਜੋੜ ਦੇਣ। ਫਿਰ ਜੋੜਫ਼ਲ ਨੂੰ 50 ਨਾਲ਼ ਗੁਣਾ ਕਰ ਦੇਣ।

ਉਸ ਦੇ ਪਿਤਾ ਜੀ ਨੇ ਦੱਸਿਆ ਕਿ ਗੁਣਨਫ਼ਲ 21250 ਆਇਆ ਹੈ। ਤਦ ਰਾਜੂ ਨੇ ਕਿਹਾ ਕਿ ਤੁਹਾਡੇ ਕੋਲ ਕੁੱਲ ਰਕਮ 210 ਰੁਪਏ ਹਨ। ਇਹ ਬਿਲਕੁਲ ਠੀਕ ਸੀ। ਦੱਸੋ ਰਾਜੂ ਨੇ ਇਹ ਰਕਮ ਕਿਵੇਂ ਬੁੱਝੀ?



Scanned by CamScanner

21 21. ਵਿਜੇ ਕੋਲ਼ 5 ਰੋਟੀਆਂ ਸਨ ਅਤੇ ਪ੍ਰੇਮ ਕੋਲ਼ 3. ਦੋਨੋ ਦੋਸਤ ਰੋਟੀਆਂ ਖਾਣ ਲੱਗੇ। ਐਨ ਉਸੇ ਸਮੇਂ ਉੱਥੇ ਇੱਕ ਘੋੜ ਸਵਾਰ ਆ ਗਿਆ। ਤਿਨ੍ਹਾਂ ਨੇ ਰੋਟੀਆਂ




ਵੰਡ ਕੇ ਖਾ ਲਈਆਂ। ਜਾਂਦਾ ਹੋਇਆ ਘੋੜ ਸਵਾਰ ਉਹਨਾਂ ਨੂੰ 8 ਰੁਪਏ ਦੇ ਗਿਆ। ਦੱਸੋ ਉਹਨਾਂ ਨੇ ਪੈਸੇ ਕਿਵੇਂ ਵੰਡੇ?

22 22. ਇੱਕ ਅਜਿਹੀ ਸੰਖਿਆ ਦੱਸੋ ਜਿਸ ਨੂੰ ਵੱਖ ਵਖ ਸੰਖਿਆਵਾਂ (1 ਤੋਂ 9) ਨਾਲ਼ ਗੁਣਾ ਕਰਨ ਤੇ ਪ੍ਰਾਪਤ ਗੁਣਨਫ਼ਲਾਂ ਦੇ ਅੰਕਾਂ ਦਾ ਜੋੜ ਇੱਕੋ ਸੰਖਿਆ ਹੋਵੇ।

23 23. ਛੇ ਇੱਕੋ ਜਿਹੇ ਅੰਕਾਂ ਨੂੰ ਅਜਿਹੇ ਭਿੰਨ ਰੂਪ ਵਿੱਚ ਲਿਖੋ ਕਿ ਹਲ ਕਰਨ ਤੇ ਉੱਤਰ =100 ਆਵੇ।

24 24. ਆਪਣੀ ਉਮਰ ਨੂੰ ਸੱਤ ਨਾਲ਼ ਗੁਣਾ ਕਰੋ, ਗੁਣਨਫਲ ਨੂੰ 1443 ਨਾਲ਼ ਗੁਣਾ ਕਰੋ ਤਾਂ ਪ੍ਰਾਪਤ ਗੁਣਨਫ਼ਲ ਵਿੱਚ ਤੁਹਾਡੀ ਉਮਰ ਤਿੰਨ ਵਾਰ ਆਵੇਗੀ।

25 25. ਪੈਂਡੂਲਮ ਜੇਕਰ 7 ਵਾਰ ਵੱਜੇ ਤਾਂ 7 (ਸੱਤ) ਸੈਕਿੰਡ ਲੱਗਦੇ ਹਨ। 10 ਘੰਟੀਆਂ ਤੇ ਕਿੰਨਾ ਸਮਾਂ ਲੱਗੇਗਾ?




26.

26 ਜ਼ਰਾ ਦੱਸੋ:

$(x-a)(x-b)(x-c)$ ............ $(x-z) = ?$



Scanned by CamScanner

27 27. 

ਤਿੰਨ ਲੜਕੇ ਬਾਗ਼ ਵਿੱਚੋਂ ਸੇਬ ਤੋੜਨ ਗਏ। ਇੰਨੇ ਨੂੰ ਬਾਗ਼ ਦਾ ਰਾਖਾ ਆ ਗਿਆ। ਉਹ ਸੇਬ ਛੱਡ ਕੇ ਦੌੜ ਗਏ। ਜਦੋਂ ਰਾਖਾ ਲੰਘ ਗਿਆ ਤਾਂ ਪਹਿਲਾ ਮੁੰਡਾ ਆਇਆ, ਸੇਬਾਂ ਦੇ ਤਿੰਨ ਹਿੱਸੇ ਕੀਤੇ ਅਤੇ ਇੱਕ ਹਿੱਸਾ ਲੈ ਗਿਆ। ਫਿਰ ਦੂਜਾ ਆਇਆ, ਉਸ ਨੇ ਬਾਕੀ ਸੇਬਾਂ ਦੇ ਤਿੰਨ ਹਿੱਸੇ ਕੀਤੇ ਪਰ ਇੱਕ ਵੱਧ ਸੀ, ਉਹ ਉਸ ਨੂੰ ਵੀ ਲੈ ਗਿਆ। ਫਿਰ ਤੀਜਾ ਮੁੰਡਾ ਆਇਆ, ਉਹ ਸਾਰੇ ਬਾਕੀ ਸੇਬ ਲੈ ਗਿਆ। ਸਾਰਿਆਂ ਕੋਲ਼ ਬਰਾਬਰ ਸੇਬ ਸਨ। ਦੱਸੋ ਉਹਨਾਂ ਨੇ ਕੁੱਲ ਕਿੰਨੇ ਸੇਬ ਤੋੜੇ?


28 28. 200 ਰੁਪਏ ਦੇ 20 ਫਲ ਖਰੀਦਣੇ ਹਨ। ਕੀਵੀ 30 ਰੁਪਏ ਦੀ ਇੱਕ, ਸੰਤਰਾ ਦਸ ਰੁਪਏ ਦਾ ਅਤੇ ਕੇਲਾ ਪੰਜ ਰੁਪਏ ਦਾ ਆਉਂਦਾ ਹੈ। ਦੱਸੋ ਕਿਵੇਂ ਖਰੀਦੇ ਜਾਣਗੇ?




29 29. ਇੱਕ ਲੜਕੇ ਨੇ 29 ਅਗਸਤ ਨੂੰ ਬੁਗਨੀ ਲਈ ਅਤੇ ਉਸ ਵਿੱਚ 5 ਪੈਸੇ (ਪੰਜੀ) ਦਾ ਸਿੱਕਾ ਪਾਇਆ। ਫਿਰ ਕਦੇ ਪੰਜੀ ਕਦੇ ਦਸੀ (10 ਪੈਸੇ) ਪਾਉਂਦਾ ਸੀ। 22 ਸਤੰਬਰ ਨੂੰ ਉਸ ਵਿੱਚੋਂ 2 ਰੁਪਏ ਨਿੱਕਲੇ। ਦੱਸੋ ਕਿੰਨੀਆਂ ਪੰਜੀਆਂ ਤੇ ਕਿੰਨੀਆਂ ਦਸੀਆਂ।




30 30. ਤਿੰਨ ਅਜਿਹੇ ਅੰਕ ਲਿਖੋ, ਜਿਨ੍ਹਾਂ ਨੂੰ ਜੋੜਿਆ ਜਾਂ ਗੁਣਾ ਕੀਤਾ ਜਾਵੇ ਤਾਂ ਉੱਤਰ ਇੱਕੋ ਜਿਹਾ ਹੀ ਆਵੇ।






Scanned by CamScanner

31 31. ਕੁਝ ਔਰਤਾਂ ਨੇ ਇੱਕ ਆਦਮੀ ਤੋਂ ਸਾੜ੍ਹੀਆਂ ਮੰਗਵਾਈਆਂ। ਇੱਕ ਸਾੜ੍ਹੀ ਦਾ ਮੁੱਲ 10 ਰੁਪਏ ਸੀ। ਪਰ ਦੁਕਾਨਦਾਰ ਨੇ ਉਸ ਤੋਂ 25 ਰੁਪਏ ਲਏ। ਉਸ ਆਦਮੀ ਨੇ 30 ਰੁਪਏ ਵਿੱਚੋਂ ਬਾਕੀ ਬਚੇ 5 ਰੁਪਈਆਂ ਚੋਂ ਤਿੰਨ ਰੁਪਏ ਹਰੇਕ ਔਰਤ ਨੂੰ 1-1-1 ਕਰਕੇ ਮੋੜ ਦਿੱਤੇ ਅਤੇ ਦੋ ਰੁਪਏ ਆਪਣੀ ਜੇਬ 'ਚ ਪਾ ਲਏ। ਇਸ ਤਰ੍ਹਾਂ ਪ੍ਰਤੀ ਸਾੜ੍ਹੀ ਨੌ ਰੁਪਏ ਬਣੇ। 3 ਸਾੜ੍ਹੀਆਂ =9X3 =27, 2 ਰੁਪਏ ਜੇਬ ਵਿਚਲੇ = 27+2= 29. ਦੱਸੋ ਇੱਕ ਰੁਪਈਆ ਕਿੱਥੇ ਗਿਆ?



32 32.



8। ਚੋਰ ਇਕੱਠੇ ਹੋ ਕੇ ਇੱਕ ਖੇਤ ਵਿੱਚੋਂ ਗੰਨੇ ਪੁੱਟਣ ਗਏ। ਪਹਿਲੇ ਨੇ ਇੱਕ, ਦੂਜੇ ਨੇ ਦੋ, ਤੀਜੇ ਨੇ ਤਿੰਨ ....... ਇਸ ਤਰ੍ਹਾਂ ਸਾਰਿਆਂ ਨੇ ਆਪਣੇ ਨੰਬਰ ਅਨੁਸਾਰ ਹੀ ਗੰਨੇ ਪੁੱਟੇ। ਫਿਰ ਸਾਰਿਆਂ ਨੇ ਇਕੱਠੇ ਕਰਕੇ ਬਰਾਬਰ ਵੰਡ ਲਏ। ਹਰ ਇੱਕ ਦੇ ਹਿੱਸੇ ਕਿੰਨੇ-ਕਿੰਨੇ ਗੰਨੇ ਆਏ।




33 33. ਇੱਕ ਔਰਤ ਕੋਲ ਕੁਝ ਫੁੱਲ ਸਨ, ਉਸ ਨੇ ਉਨ੍ਹਾਂ ਨੂੰ ਮੰਦਰ 'ਚ ਤਿੰਨ ਮੂਰਤੀਆ ਨੂੰ ਚੜ੍ਹਾਉਣੇ ਹਨ। ਜਦ ਉਹ ਇਕ ਮੂਰਤੀ ਅੱਗੇ ਗਈ ਤਾਂ ਫੁੱਲ ਦੁੱਗਣੇ ਹੋ ਗਏ। ਉਸ ਨੇ ਕੁਝ ਫੁੱਲ ਮੂਰਤੀ ਅੱਗੇ ਚੜ੍ਹਾ ਦਿੱਤੇ। ਫਿਰ ਦੂਜੀ ਮੂਰਤੀ ਅੱਗੇ ਗਈ ਤਾਂ ਫੁੱਲ ਫਿਰ ਦੁੱਗਣੇ ਹੋ ਗਏ। ਉਸ ਨੇ ਪਹਿਲਾਂ ਜਿੰਨੇ ਹੀ ਫੁੱਲ ਦੂਜੀ ਮੂਰਤੀ ਅੱਗੇ ਚੜ੍ਹਾਏ। ਫਿਰ ਤੀਜੀ ਮੂਰਤੀ ਅੱਗੇ ਗਈ ਤਾਂ ਫੁੱਲ ਫਿਰ ਦੁੱਗਣੇ ਹੋ ਗਏ। ਉਸ ਨੇ ਸਾਰੇ ਫੁੱਲ ਤੀਜੀ ਮੂਰਤੀ ਨੂੰ ਚੜ੍ਹਾ ਦਿੱਤੇ। ਹਰ ਇੱਕ ਨੂੰ ਬਰਾਬਰ ਫੁੱਲ ਚੜ੍ਹੇ। ਦੱਸੋ ਕਿੰਨੇ ਫੁੱਲ ਸਨ ਤੇ ਕਿੰਨੇ-ਕਿੰਨੇ ਚੜ੍ਹਾਏ ਗਏ?



Scanned by CamScanner

34. ਰਾਜੂ, ਰਜੀਵ ਅਤੇ ਰਾਜਨ ਤਿੰਨ ਦੋਸਤ ਸਨ। ਉਹ ਸਕੂਲ ਜਾ ਰਹੇ ਸਨ। ਰਸਤੇ ਵਿੱਚ ਉਹ ਮੇਲੇ ਹਲਵਾਈ ਦੀ ਦੁਕਾਨ ਤੇ ਰੁੱਕ ਗਏ। ਉਹਨਾਂ ਕੋਲ਼ ਪੈਸੇ ਵੀ ਨਹੀਂ ਸਨ। ਹਲਵਾਈ ਨੇ ਪੁੱਛਿਆ ਕਿ ਬੱਚਿਓ! ਪੇੜੇ ਖਾਣੇ ਹਨ ? ਜੇ ਤੁਸੀ ਮੇਰੇ ਸਵਾਲ ਦਾ ਜਵਾਬ ਦਿਓਗੇ ਤਾਂ ਮੈਂ ਤੁਹਾਨੂੰ ਪੇੜੇ ਦੇਵਾਂਗਾ। ਸਵਾਲ ਸੀ, ਬੱਚਿਓ! ਇਸ ਥਾਲ ਵਿੱਚ 9 ਪੇੜੇ ਹਨ। 8 ਪੇੜਿਆਂ ਦਾ ਭਾਰ 100-100gm. ਅਤੇ ਇੱਕ ਦਾ ਭਾਰ ਘੱਟ ਹੈ। ਤੱਕੜੀ ਵਿੱਚ ਤੋਲ ਕੇ ਦੱਸੋ ਕਿ ਕਿਹੜਾ ਪੇੜਾ ਘੱਟ ਭਾਰ ਵਾਲ਼ਾ ਹੈ। ਤੋਲਣਾ ਕੇਵਲ ਦੋ ਵਾਰ ਹੀ ਹੈ।





35. ਇੱਕ ਦੁਕਾਨਦਾਰ ਕੋਲ਼ 9 ਸਿੱਕੇ ਹਨ। ਉਹਨਾਂ ਵਿੱਚੋਂ ਇੱਕ ਸਿੱਕਾ ਖੋਟਾ ਹੈ, ਜਿਸ ਦਾ ਭਾਰ ਜ਼ਿਆਦਾ ਹੈ। ਘੱਟ ਤੋਂ ਘੱਟ ਕਿੰਨੀ ਵਾਰ ਤੋਲ਼ ਕੇ ਸਿੱਕਾ ਲੱਭ ਸਕਦੇ ਹੋ ?

36. ਇੱਕ ਬਾਗ ਦੇ ਸੱਤ ਦਰਵਾਜੇ ਸਨ ਅਤੇ ਹਰ ਦਰਵਾਜੇ ਤੇ ਇੱਕ ਚੌਂਕੀਦਾਰ ਸੀ। ਇੱਕ ਲੜਕੇ ਨੇ ਅੰਬ ਖਾਣੇ ਸਨ, ਉਸ ਨੇ ਚੌਂਕੀਦਾਰ ਨੂੰ ਕਿਹਾ ਕਿ ਮੈਂ ਬਾਗ਼ ਵਿੱਚੋਂ ਜਿੰਨੇ ਅੰਬ ਤੋੜਾਂ ਅੱਧੇ ਉਹਨਾਂ ਵਿੱਚੋਂ ਤੁਹਾਨੂੰ ਦੇ ਦੇਵਾਂਗਾ ਅਤੇ ਤੁਸੀਂ ਉਹਨਾਂ ਵਿੱਚੋਂ ਇੱਕ ਅੰਬ ਵਾਪਸ ਮੈਨੂੰ ਦੇ ਦੇਣਾ। ਚੌਂਕੀਦਾਰ ਮੰਨ ਗਿਆ। ਬਾਕੀ ਚੌਂਕੀਦਾਰਾਂ ਨਾਲ਼ ਵੀ ਉਸ ਨੇ ਅਜਿਹੀ ਹੀ ਸ਼ਰਤ ਲਗਾਈ। ਅੰਤ ਵਿੱਚ ਉਸ ਨੇ ਦੇਖਿਆ ਕਿ ਜਿੰਨੇ ਅੰਬ ਉਸ ਨੇ ਤੋੜੇ ਸਨ, ਸਾਰੇ ਹੀ ਉਸ ਕੋਲ ਸਨ।

ਦੱਸੋ ਉਸ ਲੜਕੇ ਨੇ ਕਿੰਨੇ ਅੰਬ ਤੋੜੇ ?





Scanned by CamScanner

37. ਇੱਕ ਵਾਰ ਇੱਕ ਪਿੰਡ ਵਿੱਚ ਨਾਹਰ ਸਿੰਘ ਨਾਂ ਦਾ ਵਿਅਕਤੀ ਰਹਿੰਦਾ ਸੀ। ਉਸ ਦੇ ਤਿੰਨ ਪੁੱਤਰ ਸਨ। ਉਸ ਕੋਲ 9 ਗਾਵਾਂ ਸਨ। ਪਹਿਲੀ ਗਾਂ ਇੱਕ ਲਿਟਰ ਦੁੱਧ ਦਿੰਦੀ ਸੀ। ਦੂਜੀ ਦੋ ਲਿਟਰ, ਤੀਜੀ ਤਿੰਨ ਲਿਟਰ, ਚੌਥੀ ਚਾਰ ਲਿਟਰ, ........... ਨੌਵੀਂ ਨੌ ਲਿਟਰ।



ਨਾਹਰ ਸਿੰਘ ਇੱਕ ਦਿਨ ਬਿਮਾਰ ਹੋ ਗਿਆ। ਉਸ ਨੇ ਸੋਚਿਆ ਕਿ ਮਰਨ ਤੋਂ ਪਹਿਲਾਂ ਮੈਂ ਆਪਣੇ ਪੁੱਤਰਾਂ ਵਿੱਚ ਗਾਵਾਂ ਇਸ ਤਰ੍ਹਾਂ ਵੰਡ ਜਾਵਾਂ ਕਿ ਇਨ੍ਹਾਂ ਵਿੱਚ ਕੋਈ ਝਗੜਾ ਨਾ ਹੋਵੇ ਅਤੇ ਨਾ ਹੀ ਕਿਸੇ ਨੂੰ ਕੋਈ ਸ਼ਿਕਾਇਤ ਰਹੇ। ਦੱਸੋ ਉਸ ਨੇ ਗਾਵਾਂ ਦੀ ਵੰਡ ਕਿਵੇਂ ਕੀਤੀ?

38.




ਇਕ ਪਿੰਡ ਦਾ ਹਾਕਮ ਬੜਾ ਨਿਆਂ-ਪਸੰਦ ਸੀ। ਉਸ ਨੇ ਮਰਨ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਦੀ ਵਸੀਅਤ ਆਪਣੇ ਤਿੰਨੋ ਪੁੱਤਰਾਂ ਅਬਦੁਲ, ਕਰੀਮ ਅਤੇ ਸ਼ਫੀਕ ਦੇ ਨਾਮ ਲਿਖ ਦਿੱਤੀ ਕਿ ਮੇਰੀ ਸਾਰੀ ਜਾਇਦਾਦ ਤਿੰਨਾਂ ਵਿੱਚ ਬਰਾਬਰ ਵੰਡ ਦਿੱਤੀ ਜਾਵੇ ਪਰ ਮੇਰੇ **17** ਘੋੜੇ ਇਸ ਤਰ੍ਹਾਂ ਵੰਡੇ ਜਾਣ : ਅਬਦੁੱਲ ਸਭ ਤੋਂ ਵੱਡਾ ਹੈ ਇਸ ਨੂੰ ਅੱਧਿਆਂ ਤੋਂ ਘੱਟ ਨਾ ਮਿਲਣ, ਕਰੀਮ ਨੂੰ ਕੁੱਲ ਘੋੜਿਆਂ ਦੇ ਤੀਜੇ ਹਿੱਸੇ ਤੋਂ ਵੱਧ ਅਤੇ ਸ਼ਫੀਕ ਨੂੰ ਨੌਵੇਂ ਭਾਗ ਤੋਂ ਵੱਧ ਮਿਲਣ।

38. ਘੋੜਿਆਂ ਦੀ ਵੰਡ ਨੂੰ ਲੈ ਕੇ ਤਿੰਨੇ ਬੜੇ ਪ੍ਰੇਸ਼ਾਨ ਹੋਏ। ਉਹ ਆਪਸ ਵਿੱਚ ਝਗੜਣ ਲੱਗੇ। ਉਸ ਸਮੇਂ ਅਚਾਨਕ ਇੱਕ ਘੋੜ ਸਵਾਰ ਉੱਥੇ ਆ ਪਹੁੰਚਿਆ। ਉਸ ਨੇ ਉਨ੍ਹਾਂ ਦੀ ਸਮੱਸਿਆ ਨੂੰ ਸੁਣਿਆ ਅਤੇ ਕਿਹਾ ਕਿ ਇਹ ਕੋਈ ਵੱਡੀ ਵੰਡ ਨਹੀ ਹੈ। ਤੁਸੀਂ ਮੇਰਾ ਘੋੜਾ ਵੀ ਆਪਣੇ ਘੋੜਿਆਂ ਵਿੱਚ ਮਿਲਾ ਕੇ ਆਪਣਾ -ਆਪਣਾ ਹਿੱਸਾ ਵੰਡ ਲਵੋ। ਉਨ੍ਹਾਂ ਨੇ ਵਸੀਅਤ ਮੁਤਾਬਕ ਆਪਸ ਵਿੱਚ ਘੋੜੇ ਵੰਡ ਲਏ ਅਤੇ ਘੋੜ ਸਵਾਰ ਦਾ ਘੋੜਾ ਵੀ ਵਾਪਸ ਕਰ ਦਿੱਤਾ। ਹੁਣ ਸਾਰੇ ਖ਼ੁਸ਼ ਸਨ। ਦੱਸੋ ਵੰਡ ਕਿਵੇਂ ਕੀਤੀ ਅਤੇ ਕਿਸ ਨੂੰ ਕਿੰਨੇ-ਕਿੰਨੇ ਘੋੜੇ ਮਿਲੇ ?



Scanned by CamScanner



39. ਇੱਕ ਵਾਰ ਇੱਕ ਮਾਰਵਾੜੀ ਸੇਠ ਨੇ ਆਪਣੇ ਘਰ ਭੋਜ ਰੱਖਿਆ। ਉਸ ਨੇ ਆਪਣੇ ਪਿੰਡ ਦੇ 100 ਖ਼ਾਸ ਵਿਅਕਤੀਆਂ ਨੂੰ ਸੱਦਾ ਭੇਜ ਦਿੱਤਾ, ਜਿਸ ਵਿੱਚ ਬ੍ਰਾਹਮਣ, ਠਾਕਰ ਤੇ ਵੈਸ਼ ਸਨ। ਸੇਠ ਨੇ 100 ਲੋਕਾਂ ਦੇ ਹਿਸਾਬ ਨਾਲ 100 ਪੱਤਲਾਂ ਮੰਗਵਾਈਆਂ। ਬ੍ਰਾਹਮਣਾਂ ਨੇ ਕਿਹਾ ਕਿ ਅਸੀਂ ਤਾਂ ਇੱਕ ਪੱਤਲ ਤੇ ਬੈਠਾਂਗੇ ਤੇ ਇੱਕ ਪੱਤਲ ਤੇ ਖਾਵਾਂਗੇ। ਮਤਲਬ ਕਿ ਸਾਨੂੰ ਦੋ-ਦੋ ਪੱਤਲਾਂ ਚਾਹੀਦੀਆਂ ਹਨ।

ਜਦ ਇਹੀ ਗੱਲ ਠਾਕਰਾਂ ਨੇ ਸੁਣੀ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਕਿਹੜਾ ਘੱਟ ਹਾਂ ਅਸੀਂ ਦੋ ਪੱਤਲਾਂ ਤੇ ਬੈਠਾਂਗੇ ਤੇ ਦੋ ਪੱਤਲਾਂ ਤੇ ਖਾਵਾਂਗੇ। ਮਤਲਬ ਕਿ ਸਾਨੂੰ 4-4 ਪੱਤਲਾਂ ਚਾਹੀਦੀਆਂ ਹਨ।

ਜਦ ਵੈਸ਼ ਲੋਕਾਂ ਨੇ ਸੇਠ ਦੀ ਹਾਲਤ ਪਤਲੀ ਹੁੰਦੀ ਦੇਖੀ ਤਾਂ ਉਨ੍ਹਾਂ ਨੇ ਕਿਹਾ ਕਿ ਸੇਠ ਜੀ ਆਪ ਚਿੰਤਾ ਨਾ ਕਰੋ, ਅਸੀਂ ਚਾਰ-ਚਾਰ ਲੋਕ ਇੱਕ ਪੱਤਲ ਨਾਲ ਸਾਰ ਲਵਾਂਗੇ। ਫਿਰ 100 ਮਹਿਮਾਨਾਂ ਨੇ 100 ਪੱਤਲਾਂ ਤੇ ਖਾਣਾ ਖਾਧਾ ਅਤੇ ਕੋਈ ਵੀ ਪੱਤਲ ਨਹੀਂ ਬਚੀ।
ਦੱਸੋ ਕਿੰਨੇ ਬ੍ਰਾਹਮਣ, ਕਿੰਨੇ ਠਾਕੁਰ ਤੇ ਕਿੰਨੇ ਵੈਸ਼ ਭੋਜ ਤੇ ਆਏ ?



40. ਮਹੇਸ਼ੀ ਸੇਠ ਨੂੰ ਉਸ ਦੇ ਬਾਗ਼ ਵਿੱਚ ਰਾਖੇ ਦੀ ਜ਼ਰੂਰਤ ਸੀ। ਉਸ ਨੇ ਮੋਹਣੇ ਨੂੰ ਨੌਕਰ ਰੱਖ ਲਿਆ। ਮਹੇਸ਼ੀ ਨੇ ਕਿਹਾ ਕਿ ਮੈਂ ਤੈਨੂੰ ਇੱਕ ਸਾਲ ਲਈ ਹੀ ਰੱਖਾਂਗਾ। ਜਿਸ ਲਈ ਤੈਨੂੰ 400 ਰੁ: ਅਤੇ ਇੱਕ ਘੜੀ ਦੇਵਾਂਗਾ। ਮੋਹਣਾ ਮੰਨ ਗਿਆ।

ਮੋਹਣੇ ਨੂੰ ਕੰਮ ਕਰਦੇ ਨੂੰ ਅਜੇ ਸਿਰਫ਼ 9 ਮਹੀਨੇ ਹੀ ਹੋਏ ਸਨ ਕਿ ਉਸ ਨੂੰ ਕੰਮ ਛੱਡ ਕੇ ਵਾਪਸ ਘਰ ਜਾਣਾ ਪੈ ਗਿਆ। ਜਾਣ ਲੱਗੇ ਨੂੰ ਮਹੇਸ਼ੀ ਸੇਠ ਨੇ 250 ਰੁ: ਅਤੇ ਘੜੀ ਦੇ ਦਿੱਤੀ। ਦੱਸੋ ਘੜੀ ਕਿੰਨੇ ਰੁਪਈਆਂ ਦੀ ਹੈ ?



Scanned by CamScanner


41. 

ਸ਼ਾਮ ਸਿੰਘ ਹਰ ਸਾਲ ਦੀਵਾਲੀ ਮੌਕੇ ਆਪਣੀ ਫੈਕਟਰੀ ਦੇ ਵਰਕਰਾਂ ਨੂੰ ਉਹਨਾਂ ਦੀ ਕੁਸ਼ਲਤਾ ਅਨੁਸਾਰ ਹੀ ਤੋਹਫ਼ੇ ਵੰਡਦਾ ਹੈ। ਇਸ ਲਈ ਉਸ ਨੇ 1 ਤੋਂ 25 ਤੱਕ ਗਿਫ਼ਟ ਪੈਕ ਕਰਵਾਏ। ਇਹ ਪੈਕਟ ਉਸ ਨੇ ਵਰਕਰਾਂ ਦੇ ਪੰਜ ਗਰੁੱਪ ਬਣਾ ਕੇ ਹੀ ਵੰਡਣੇ ਹਨ ਕਿ ਪਹਿਲੇ ਗਰੁੱਪ ਨੂੰ ਜਿਸਤ ਅੰਕਾਂ ਵਾਲ਼ੇ, ਦੂਜੇ ਗਰੁੱਪ ਨੂੰ ਟਾਂਕ ਪਰ ਪੂਰਨ ਵਰਗ ਅੰਕਾਂ ਵਾਲ਼ੇ, ਤੀਜੇ ਗਰੁੱਪ ਨੂੰ ਬਾਕੀ ਵਿੱਚੋਂ ਪੂਰਨ ਵਰਗ ਦੇ ਅੰਕਾਂ ਵਾਲ਼ੇ, ਚੌਥੇ ਗਰੁੱਪ ਨੂੰ ਪ੍ਰਾਈਮ ਅੰਕਾਂ ਵਾਲ਼ੇ ਟਾਂਕ ਅਤੇ ਪੰਜਵੇ ਗਰੁੱਪ ਨੂੰ ਬਾਕੀ ਜੋ ਬਚੇ ਹੋਏ ਟਾਂਕ ਅੰਕਾਂ ਵਾਲ਼ੇ ਪੈਕਟ ਦਿੱਤੇ ਜਾਣਗੇ।

ਇਹ ਦੱਸੋ ਹਰੇਕ ਗਰੁੱਪ ਨੂੰ ਕਿੰਨੇ ਕਿੰਨੇ ਪੈਕਟ ਮਿਲ਼ੇ?

42 ਇੱਕ ਖੇਡ ਸਮਾਗਮ ਵਿੱਚ ਅਮਿਤਾਭ ਬੱਚਨ ਅਤੇ ਸਚਿਨ ਤੈਂਦੂਲਕਰ ਇਕੱਠੇ ਹੋਏ। ਬੱਚਨ ਨੇ ਸਚਿਨ ਨੂੰ ਬੈਠਣ ਲਈ ਕਿਹਾ। ਜਦੋਂ ਸਚਿਨ ਬੱਚਨ ਕੋਲ਼ ਬੈਠਾ ਤਾਂ ਬੱਚਨ ਦਾ ਕੱਦ ਸਚਿਨ ਨਾਲ਼ੋਂ 8/3 ਗੁਣਾ ਹੁੰਦਾ ਹੈ। ਫਿਰ ਜਦੋਂ ਬੱਚਨ ਬੈਠਦਾ ਹੈ ਤਾਂ ਸਚਿਨ ਖੜ੍ਹਾ ਹੋ ਜਾਂਦਾ ਹੈ ਤਾਂ ਉਹ ਉਸ ਤੋਂ 3/2 ਗੁਣਾ ਹੁੰਦਾ ਹੈ। ਜੇ ਬੈਠਣ ਸਮੇਂ ਕੱਦ ਕੁੱਲ ਕੱਦ ਦਾ ½ ਲਈਏ ਅਤੇ ਕੱਦਾਂ ਵਿੱਚ ਅੰਤਰ 1·6 ਫੁੱਟ ਹੋਵੇ ਤਾਂ ਅਮਿਤਾਭ ਬੱਚਨ ਦਾ ਕੱਦ ਦੱਸੋ?



43. 

ਇੱਕ ਬਰਤਨ ਵਿੱਚ 10 ਲਿਟਰ ਦੁਧ ਹੈ। ਦੁਪਹਿਰ 12 ਵਜੇ ਉਸ ਵਿੱਚੋਂ ਦੁਧ ਲੀਕ ਕਰਨ ਲੱਗ ਪਿਆ। ਇੱਕ ਘੰਟੇ ਵਿੱਚ 3600 ਤੁਪਕੇ ਰਿਸ ਰਹੇ ਹਨ। ਜੇ ਇੱਕ ਤੁਪਕਾ 1 ਮਿਲੀ ਲੀਟਰ ਅਕਾਰ ਦਾ ਹੋਵੇ ਤਾਂ ਦੱਸੋ ਬਰਤਨ ਕਿੰਨੇ ਵਜੇ ਖਾਲ਼ੀ ਹੋਵੇਗਾ?



Scanned by CamScanner




44. ਇੱਕ ਮਜ਼ਦੂਰ ਖੂਹੀ ਪੁੱਟਣ ਦਾ ਠੇਕਾ ਲੈ ਲੈਂਦਾ ਹੈ। ਉਹ ਮਿੱਟੀ ਪੁੱਟਣੀ ਸ਼ੁਰੂ ਕਰਦਾ ਹੈ। ਉਹ ਹਰੇਕ ਦਿਨ ਪਹਿਲੇ ਦਿਨ ਤੋਂ ਦੁੱਗਣੀ ਮਿੱਟੀ ਪੁੱਟਦਾ ਹੈ। ਇਸ ਤਰ੍ਹਾਂ ਉਸ ਦੇ 20 ਦਿਨ ਲੱਗਣੇ ਹਨ। ਸਮੇਂ ਦੀ ਘਾਟ ਕਾਰਨ ਉਸ ਨੇ ਆਪਣੇ ਨਾਲ ਇੱਕ ਹੋਰ ਮਜ਼ਦੂਰ ਵੀ ਲਾ ਲਿਆ। ਦੂਸਰਾ ਮਜ਼ਦੂਰ ਵੀ ਹਰੇਕ ਦਿਨ ਉਸ ਤੋਂ ਪਹਿਲੇ ਦਿਨ ਤੋਂ ਦੁੱਗਣੀ ਮਿੱਟੀ ਪੁੱਟਦਾ ਹੈ। ਜੇ ਦੋਵੇਂ ਮਜ਼ਦੂਰ ਇਕੱਠੇ ਕੰਮ ਕਰਦੇ ਤਾਂ ਖੂਹੀ ਕਿੰਨੇ ਦਿਨਾਂ ਵਿੱਚ ਪੁੱਟ ਸਕਦੇ ਸਨ?

45. ਅੱਠਵੀਂ ਕਲਾਸ ਵਿੱਚ 14 ਬੱਚੇ ਪੜ੍ਹਦੇ ਹਨ, ਜਿਨ੍ਹਾਂ ਵਿੱਚੋਂ 9 ਲੜਕੇ ਅਤੇ 5 ਲੜਕੀਆ ਹਨ। ਅੰਤਮ ਵਿਦਾਇਗੀ ਪਾਰਟੀ ਸਮੇਂ ਜਾਣ ਵੇਲੇ ਹਰੇਕ ਲੜਕੇ ਨੇ ਹਰੇਕ ਲੜਕੇ ਨਾਲ ਅਤੇ ਹਰੇਕ ਲੜਕੀ ਨੇ ਹਰੇਕ ਲੜਕੀ ਨਾਲ ਆਪਸ ਵਿੱਚ ਹੱਥ ਮਿਲਾ ਕੇ ਅਲਵਿਦਾ ਕਿਹਾ। ਦੱਸੋ ਕੁੱਲ ਕਿੰਨੇ ਵਾਰ ਹੱਥ ਮਿਲਾਏ ਗਏ?



46. ਸ਼੍ਰੀ ਰਮਨ ਕੁਮਾਰ ਨੇ ਆਪਣੀ ਰਿਟਾਇਰਮੈਂਟ ਸਮੇਂ ਵਿਦਿਆਰਥੀਆਂ ਨੂੰ ਕਾਪੀਆਂ ਵੰਡਣ ਦਾ ਫੈਸਲਾ ਕੀਤਾ। ਉਸ ਨੇ ਅੱਠਵੀਂ ਸ਼੍ਰੇਣੀ ਦੀ ਗਿਣਤੀ ਇਕੱਤਰ ਕੀਤੀ। ਜੇ ਉਹ ਹਰੇਕ ਬੱਚੇ ਨੂੰ 5-5 ਕਾਪੀਆਂ ਦੇਵੇ ਤਾਂ 3 ਵਧ ਜਾਂਦੀਆ ਹਨ, ਜੇ ਉਹ ਛੇਵੀਂ ਜਮਾਤ ਵਿੱਚ ਹਰੇਕ ਨੂੰ 3-3 ਕਾਪੀਆਂ ਦੇਵੇ ਤਾਂ 19 ਕਾਪੀਆ ਬਚ ਜਾਂਦੀਆਂ ਹਨ। ਜੇ ਦੋਵਾਂ ਜਮਾਤਾਂ ਦੇ ਵਿਦਿਆਰਥੀਆਂ ਦੀ ਗਿਣਤੀ ਬਰਾਬਰ ਹੋਵੇ ਤਾਂ ਕੁੱਲ ਕਾਪੀਆਂ ਦੀ ਗਿਣਤੀ ਦੱਸੋ?



47. ਦੋ ਅਜਿਹੇ ਅੰਕ ਦੱਸੋ ਜਿਨ੍ਹਾਂ ਦਾ ਗੁਣਨਫ਼ਲ ਉਨ੍ਹਾਂ ਦੇ ਜੋੜ ਤੋਂ ਦੁੱਗਣਾ ਹੋਵੇ। ਇੱਕ ਅੰਕ ਦੂਜੇ ਦਾ ਦੁੱਗਣਾ ਹੈ।




Scanned by CamScanner


48. 

ਰਾਕੇਸ਼ ਇੱਕ ਪ੍ਰਾਈਵੇਟ ਫਰਮ ਵਿੱਚ ਚੋਕੀਦਾਰ ਹੈ, ਉਹ ਬਹੁਤਾ ਪੜ੍ਹਿਆ-ਲਿਖਿਆ ਨਹੀਂ ਹੈ। ਉਸ ਦੀ ਤਨਖਾਹ 6200 ਰੁਪਏ ਮਹੀਨਾ ਹੈ। ਉਸ ਦੀ ਮਾਂ ਬੀਮਾਰ ਹੋਣ ਕਾਰਨ ਉਹ 26 ਜੁਲਾਈ ਤੋਂ ਮਗਰੋਂ ਛੁੱਟੀ ਤੇ ਚਲਾ ਗਿਆ। ਫਿਰ ਉਹ 6 ਅਗਸਤ ਨੂੰ ਹਾਜ਼ਰ ਹੋਇਆ।

ਫਰਮ ਦੇ ਨਿਯਮਾਂ ਅਨੁਸਾਰ ਉਸ ਦੀ ਤਨਖਾਹ ਕੱਟੀ ਜਾਣੀ ਹੈ। ਕੰਪਨੀ ਮੇਨੇਜਰ ਨੇ ਉਸ ਨੂੰ 4200 ਰੁਪਏ ਦੇ ਦਿੱਤੇ। ਉਸ ਵੱਲੋਂ ਅਡਵਾਂਸ ਦੇਣ ਦੀ ਬੇਨਤੀ ਤੇ ਉਸ ਨੂੰ 5200 ਰੁਪਏ ਐਡਵਾਂਸ ਮਿਲ ਗਏ। ਉਹ ਬਹੁਤ ਖੁਸ਼ ਹੋਇਆ ਅਤੇ ਘਰ ਚਲਾ ਗਿਆ। ਸ਼ਾਮ ਨੂੰ ਮੈਨੇਜਰ ਨੇ ਹਿਸਾਬ ਚੈੱਕ ਕੀਤਾ ਕਿ ਕਟੌਤੀ ਗਲਤ ਹੋ ਗਈ ਹੈ। ਤੁਸੀਂ ਦੱਸੋ ਕਿ ਕਿੰਨੀ ਕਟੌਤੀ ਬਣਦੀ ਸੀ ਅਤੇ ਕਿੰਨੀ ਕੱਟੀ ਗਈ?

49 ਰਾਜੂ ਦੇ ਘਰ 3 ਬਲਬ 60 ਵਾਟ ਦੇ ਅਤੇ 2 ਟਿਊਬਾਂ 40 ਵਾਟ ਦੀਆਂ ਸਨ ਜੋ ਕਿ ਹਰ ਰੋਜ਼ ਲਗਭਗ 5 ਘੰਟੇ ਜਗਦੀਆਂ ਸਨ। 

ਉਸ ਨੇ ਇਹਨਾਂ ਦੀ ਥਾਂ ਤੇ ਸੀ.ਐੱਫ. ਐੱਲ. ਕਿਸਮ ਦੇ ਬਲਬ ਲਗਾ ਲਏ। ਨਵੇਂ ਬਲਬ ਪੁਰਾਣਿਆਂ ਬਲਬਾਂ ਦੇ ਮੁਕਾਬਲੇ $1/10$ ਵਾਂ ਭਾਗ ਅਤੇ ਟਿਊਬਾਂ ਦੇ ਮੁਕਾਬਲੇ $2/5$ ਵਾਂ ਭਾਗ ਬਿਜਲੀ ਖਪਤ ਕਰਦੇ ਹਨ। ਜੇ ਬਿਜਲੀ ਦੀ ਦਰ 4 ਰੁਪਏ ਪ੍ਰਤੀ ਯੂਨਿਟ ਹੋਵੇ ਤਾਂ ਦੱਸੋ ਕਿੰਨੀ ਪੂਰੇ ਸਾਲ ਵਿੱਚ ਬੱਚਤ ਹੋਵੇਗੀ! (1000 ਵਾਟ = 1 ਯੂਨਿਟ) (1 ਸਾਲ = 360 ਦਿਨ)

50. 

ਇੱਕ ਦਿਨ ਰੀਟਾ ਰਸੋਈ ਵਿੱਚ ਦੁੱਧ ਦਾ ਬਰਤਨ ਢੱਕਣਾ ਛੱਡ ਗਈ। ਕਿਧਰੋਂ ਇੱਕ ਬਿੱਲੀ ਆ ਗਈ ਤੇ ਦੁੱਧ ਪੀਣ ਲੱਗੀ ਪਰ ਬਰਤਨ ਵਿੱਚੋਂ $1/3$ ਹਿੱਸਾ ਦੁੱਧ ਡੁੱਲ ਗਿਆ। ਉਸ ਨੇ ਬਾਕੀ ਦਾ ਅਜੇ $3/4$ ਹਿੱਸਾ ਹੀ ਪੀਤਾ ਸੀ ਕਿ ਰੀਟਾ ਆ ਗਈ ਅਤੇ ਬਿੱਲੀ ਭੱਜ ਗਈ। ਦੱਸੋ ਬਰਤਨ ਵਿੱਚ ਕਿੰਨੇ ਹਿੱਸੇ ਦੁੱਧ ਬਚਿਆ?




Scanned by CamScanner

52. 


ਬਿੱਲੂ ਦੋਧੀ ਹਰ ਰੋਜ ਦੁੱਧ 'ਚ ਪਾਣੀ ਮਿਲਾ ਕੇ ਬੇਈਮਾਨੀ ਕਰਦਾ ਸੀ। ਇੱਕ ਦਿਨ ਉਸ ਨੇ ਆਪਣੇ ਹਲੋ ਵਿੱਚੋਂ 56 ਲਿਟਰ ਦੁੱਧ ਲਿਆ ਜਿਸ ਵਿੱਚ ਪਾਣੀ ਅਤੇ ਦੁੱਧ ਦਾ ਅਨੁਪਾਤ 1:7 ਸੀ। ਸ਼ਹਿਰ ਨੂੰ ਜਾਂਦੇ ਸਮੇਂ ਨੇ ਹਲਵਾਈ ਨੂੰ 4 ਲਿਟਰ ਦੁੱਧ ਪਾ ਦਿੱਤਾ ਅਤੇ ਬਾਕੀ ਬਚੇ ਦੁੱਧ ਵਿੱਚ 4 ਲਿਟਰ ਪਾਣੀ ਪਾ ਦਿੱਤਾ। ਹੁਣ ਉਸ ਦੁੱਧ ਵਿੱਚ ਪਾਣੀ ਅਤੇ ਦੁੱਧ ਦਾ ਕੀ ਅਨੁਪਾਤ ਹੋਵੇਗਾ?

Scanned by CamScanner

54. ਮਨੀਸ਼ ਨੇ ਕੁਝ ਮਤੀਰੇ ਖ਼ਰੀਦੇ। ਉਸ ਨੇ ਖ਼ਰੀਦੇ ਮਤੀਰਿਆਂ ਦੇ ਤੀਜੇ ਹਿੱਸੇ ਦੇ ਮਤੀਰਿਆਂ ਤੋਂ ਤੀਜਾ ਹਿੱਸਾ ਵੱਧ ਮਤੀਰਾ ਖਾ ਲਿਆ। ਉਸ ਕੋਲ ਬਾਕੀ 1 ਮਤੀਰਾ ਬਚਿਆ। ਦੱਸੋ ਉਸ ਨੇ ਕਿੰਨੇ ਮਤੀਰੇ ਖ਼ਰੀਦੇ ਸਨ?



55. ਪੌੜੀ ਦੇ ਹੇਠਲੇ ਅਤੇ ਉਪਰਲੇ ਸਿਰੇ ਤੇ ਇੱਕ ਇੱਕ ਸਵਿਚ ਲੱਗੀ ਹੋਈ ਹੈ ਤਾਂ ਕਿ ਪੌੜੀਆਂ ਵਿਚਲਾ ਬਲਬ ਕਿਸੇ ਵੀ ਸਵਿੱਚ ਨਾਲ ਜਗਾਇਆ ਜਾ ਸਕੇ। ਦੋ ਬੱਚੇ ਉਨ੍ਹਾਂ ਸਵਿੱਚਾਂ ਨਾਲ ਖੇਡਣ ਲੱਗ ਪਏ। ਬਿਜਲੀ ਗਈ ਹੋਈ ਸੀ। ਪਹਿਲਾਂ ਹੇਠਲੇ ਨੇ 5 ਵਾਰ ਸਵਿੱਚ ਦਬਾਈ ਅਤੇ ਫਿਰ ਉਪਰਲੇ ਨੇ ਵੀ ਪੰਜ ਵਾਰ ਸਵਿੱਚ ਦਬਾਈ। ਦੱਸੋ ਬਿਜਲੀ ਆਉਣ ਸਮੇਂ ਬਲਬ ਜਗੇਗਾ ਕਿ ਨਹੀਂ?



56. ਇੱਕ ਸਕੂਲ ਵਿੱਚ 450 ਵਿਦਿਆਰਥੀ ਅਤੇ 12 ਅਧਿਆਪਕ ਹਨ। ਸਕੂਲ ਵਿੱਚ ਬਾਲ ਮੇਲਾ ਕਰਵਾਉਣ ਲਈ ਉਗਰਾਹੀ ਕਰਨੀ ਹੈ। ਇਹ ਫ਼ੈਸਲਾ ਹੋਇਆ ਕਿ 50 ਗ਼ਰੀਬ ਵਿਦਿਆਰਥੀਆਂ ਨੂੰ ਛੋਟ ਦਿੱਤੀ ਜਾਵੇ। ਕੁਲ ਖ਼ਰਚ 2400 ਰੁ: ਹੋਣਾ ਹੈ। ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਹਿੱਸਾ ਬਰਾਬਰ ਹੀ ਹੋਵੇਗਾ। ਪਰ 4 ਸੀਨੀਅਰ ਅਧਿਆਪਕਾਂ ਨੇ ਕਿਹਾ ਕਿ ਉਹ ਬਾਕੀ 8 ਅਧਿਆਪਕਾਂ ਦੇ ਬਰਾਬਰ ਕੁੱਲ ਫੰਡ ਦੇਣਗੇ। ਇਹ ਦੱਸੋ ਕਿ ਹਰੇਕ ਸੀਨੀਅਰ ਅਧਿਆਪਕ ਨੇ ਕਿੰਨੀ ਕਿੰਨੀ ਉਗਰਾਹੀ ਦਿੱਤੀ।

57.



ਮਹਿੰਦਰ ਕੋਲ ਦੋ ਘੋੜੇ, ਚਾਰ ਗਾਵਾਂ ਅਤੇ ਪੰਜ ਭੇਡਾਂ ਹਨ। ਉਹਨਾਂ ਦਾ ਇੱਕ ਖੇਤ ਵਿੱਚ ਚਰਨ ਦਾ ਠੇਕਾ 520 ਵਿੱਚ ਤੈਅ ਹੋਇਆ। ਜੇ ਦੋ ਘੋੜੇ ਤਿੰਨ ਗਾਵਾਂ ਦੇ ਬਰਾਬਰ ਅਤੇ ਇੱਕ ਗਾਂ ਤਿੰਨ ਭੇਡਾਂ ਦੇ ਬਰਾਬਰ ਘਾਹ ਚਰੇ ਤਾਂ ਹਰੇਕ ਦਾ ਖਰਚਾ ਦੱਸੋ।



Scanned by CamScanner

58. 
ਕਮਲਾ ਨੇ ਰੇਨੂਕਾ ਨੂੰ ਕਿਹਾ ਕਿ ਜੇ ਅਸੀਂ ਹਰ ਰੋਜ਼ 10 ਗ੍ਰਾਮ ਖੰਡ ਘੱਟ ਵਰਤੀਏ ਤਾਂ ਆਪਣੀ ਖੰਡ 20 ਦਿਨ ਹੀ ਹੋਰ ਚੱਲੇਗੀ। ਰੇਨੂਕਾ ਨੇ ਅੱਗੋਂ ਕਿਹਾ ਕਿ ਜੇ ਆਪਾਂ 10 ਗ੍ਰਾਮ ਖੰਡ ਵੱਧ ਵਰਤੀਏ ਤਾਂ ਇਹ ਸਿਰਫ਼ 15 ਦਿਨ ਹੀ ਹੋਰ ਚੱਲੇਗੀ। ਦੱਸੋ ਉਹਨਾਂ ਕੋਲ਼ ਕਿੰਨੀ ਖੰਡ ਹੈ।

59 ਰਾਮ ਨੇ ਸਫ਼ੈਦਾ ਅੰਬ 30 ਰੁਪਏ ਕਿੱਲੋ ਅਤੇ ਸ਼ਾਮ ਨੇ ਦੁਸਹਿਰੀ ਅੰਬ 60 ਰੁਪਏ ਕਿੱਲੋ ਖ਼ਰੀਦੇ। ਰਾਮ ਨੇ ਕਿਹਾ ਕਿ ਮੈਂ ਅੰਬ ਸਸਤੇ ਖ਼ਰੀਦੇ ਹਨ, ਪਰ ਸ਼ਾਮ ਨੇ ਕਿਹਾ ਕਿ ਤੁਹਾਡੇ ਅੰਬਾਂ ਵਿੱਚ ਗੁੱਦੇ ਅਤੇ ਗੁਠਲੀ ਦਾ ਅਨੁਪਾਤ 1:3 ਹੈ ਜਦਕਿ ਮੇਰੇ ਅੰਬਾਂ ਵਿਚ ਇਹ ਅਨੁਪਾਤ 3:1 ਹੈ। ਦੱਸੋ ਕਿਸ ਨੇ ਅਸਲ ਵਿੱਚ ਸਸਤੇ ਅੰਬ ਖ਼ਰੀਦੇ ?



60. 
ਅੱਜ ਕੱਲ ਫ਼ੈਸ਼ਨ ਦਾ ਜ਼ਮਾਨਾ ਹੈ। ਲੋਕ ਸਪੈਸ਼ਲ ਨੰਬਰ ਲੈਣ ਲਈ ਵੱਧ ਫ਼ੀਸ ਭਰਦੇ ਹਨ। ਰਾਜ ਨੇ ਵੀ ਆਪਣੀ ਕਾਰ ਲਈ 4 ਅੰਕਾਂ ਦਾ ਨੰਬਰ ਲਿਆ ਇਹ 11 ਨਾਲ਼ ਭਾਗ ਦੇਣ ਯੋਗ ਹੈ ਪਰ ਇਹ 2,3,4,5,6,7 ਵਿੱਚੋਂ ਕਿਸੇ ਅੰਕ ਨਾਲ਼ ਪੂਰਾ ਭਾਗ ਦੇਣ ਯੋਗ ਨਹੀਂ। ਕਾਰ ਦਾ ਨੰਬਰ ਦੱਸੋ?

61. 
ਮਿੰਦੋ ਨੇ ਦਾਨ-ਪੁੰਨ ਕਰਨ ਲਈ ਕੁਝ ਰੁਪਏ ਇੱਕਠੇ ਕੀਤੇ। ਸੋਮਵਾਰ ਨੂੰ ਉਹ ਅੱਧੇ ਰੁਪਏ ਮੰਗਤੇ ਨੂੰ ਦਾਨ ਦਿੰਦੀ ਹੈ ਅਤੇ ਇੱਕ ਰੁਪਈਆ ਆਪਣੇ ਨੌਕਰ ਨੂੰ ਦਿੰਦੀ ਹੈ। ਇਸੇ ਤਰ੍ਹਾਂ ਹੀ ਮੰਗਲਵਾਰ ਨੂੰ ਬਾਕੀ ਬਚੇ ਧਨ ਦਾ ਅੱਧਾ ਭਾਗ ਮੰਗਤੇ ਨੂੰ ਅਤੇ ਇੱਕ ਰੁਪਈਆ ਨੌਕਰ ਨੂੰ ਦਿੰਦੀ ਹੈ। ਬਾਕੀ ਵਿੱਚੋਂ ਅੱਧੇ ਬੁੱਧਵਾਰ ਨੂੰ ਦਾਨ ਕਰਕੇ ਫਿਰ ਇੱਕ ਰੁਪਈਆ ਨੌਕਰ ਨੂੰ ਦਿੰਦੀ ਹੈ। ਇਸ ਸਮੇਂ ਉਸ ਪਾਸ 2 ਰੁਪਏ ਬਚੇ। ਇਹ ਦੱਸੋ ਉਸ ਨੇ ਕੁੱਲ ਕਿੰਨੇ ਰੁਪਏ ਇਕੱਠੇ ਕੀਤੇ ?



Scanned by CamScanner

62. 

ਜੀਵਨ ਨਾਂ ਦੇ ਦੁਕਾਨਦਾਰ ਨੇ ਬਾਲ-ਦਿਵਸ ਮੌਕੇ ਐਲਾਨ ਕੀਤਾ ਕਿ ਉਹ ਅੱਜ 3 ਕਾਪੀਆਂ ਖ੍ਰੀਦਣ ਵਾਲੇ ਨੂੰ ਇੱਕ ਰੁਪਏ ਮੁੱਲ ਦੀ ਰਬੜ ਮੁਫ਼ਤ ਦੇਵੇਗਾ। ਇੱਕ ਕਾਪੀ ਵੇਚਣ ਤੇ ਉਸ ਨੂੰ 4 ਰੁਪਏ ਲਾਭ ਹੁੰਦਾ ਹੈ। ਆਮ ਦਿਨਾਂ ਵਿੱਚ ਔਸਤ 20 ਗਾਹਕ ਆਉਂਦੇ ਹਨ ਅਤੇ 40 ਕਾਪੀਆਂ ਵਿਕਦੀਆਂ ਹਨ। ਜੇ ਉਸ ਦਿਨ ਵੀ 20 ਗਾਹਕ ਆਉਣ ਤਾਂ ਉਸ ਨੂੰ ਕਿੰਨਾ ਵੱਧ ਲਾਭ ਹੋਇਆ?

63. 

ਗ੍ਵਾਲਾ ਦੇਵੀ 500 ਮਿ.ਲੀ. ਦਾ ਦੁੱਧ ਵੇਚਣ ਲਈ ਜੋ ਬਰਤਨ ਵਰਤਦਾ ਹੈ ਉਹ 480 ਮਿ.ਲੀ. ਦਾ ਹੈ। ਇੱਕ ਪਿੰਡ ਵਿੱਚ ਉਹ 30 ਦਿਨਾਂ ਲਈ 50 ਘਰਾਂ ਵਿੱਚ ਹਰੇਕ ਘਰ 2.5 ਲੀਟਰ ਹਰ ਰੋਜ਼ ਦੁੱਧ ਪਾਉਂਦਾ ਹੈ। ਦੁੱਧ ਦਾ ਰੇਟ 20 ਰੁਪਏ ਪ੍ਰਤੀ ਲੀਟਰ ਹੈ। ਦੱਸੋ ਉਸ ਨੇ ਕਿੰਨੇ ਰੁਪਏ ਦੀ ਬੇਈਮਾਨੀ ਕੀਤੀ?

64. ਬਾਲ ਪੈੱਨ ਬਣਾਉਣ ਵਾਲੀ ਇੱਕ ਕੰਪਨੀ ਨੇ ਸੇਲ ਲਾਉਣ ਦਾ ਫ਼ੈਸਲਾ ਕੀਤਾ। ਕੰਪਨੀ ਨੂੰ ਇੱਕ ਪੈੱਨ 6 ਰੁਪਏ ਦਾ ਵੇਚ ਕੇ 2 ਰੁਪਏ ਲਾਭ ਹੁੰਦਾ ਹੈ। ਪੁਰਾਣਾ ਮਾਲ ਵੇਚਣ ਅਤੇ ਲਾਭ ਲੈਣ ਲਈ ਕੰਪਨੀ ਨੇ ਤਿੰਨ-ਤਿੰਨ ਪੈੱਨਾਂ ਦਾ ਸੈੱਟ ਬਣਾ ਕੇ ਸੇਲ ਲਾ ਦਿੱਤੀ ਕਿ ਇੱਕ ਸੈੱਟ ਨਾਲ ਇੱਕ ਪੈੱਨ ਮੁਫ਼ਤ ਦਿੱਤਾ ਜਾਵੇਗਾ। 60 ਸੈੱਟ ਵੇਚਣ ਤੇ ਕੰਪਨੀ ਨੂੰ ਕਿੰਨਾ ਲਾਭ ਹੁੰਦਾ ਹੈ?

65. ਸੋਹਨ ਕੋਲ ਮੀਜੇ ਤੋਂ ਦੁੱਗਣੇ ਪਰ ਮੋਹਨ ਤੋਂ ਅੱਧੇ ਰੁਪਏ ਹਨ। ਜੇ ਤਿੰਨਾਂ ਦੇ ਰੁਪਈਆਂ ਦੀ ਔਸਤ 56 ਰੁਪਏ ਹੋਵੇ ਤਾਂ ਮੋਹਨ ਕੋਲ ਕਿੰਨੇ ਰੁਪਏ ਹਨ?




Scanned by CamScanner

66. ਤਿੰਨ ਆਦਮੀ, ਜਿਨ੍ਹਾਂ ਦਾ ਹਰੇਕ ਦਾ ਭਾਰ 60 ਕਿਲੋਗ੍ਰਾਮ ਹੈ, ਕਿਸ਼ਤੀ ਰਾਹੀਂ ਨਦੀ ਪਾਰ ਕਰਨਾ ਚਾਹੁੰਦੇ ਹਨ। ਮਲਾਹ ਦਾ ਭਾਰ 80 ਕਿਲੋਗ੍ਰਾਮ ਹੈ। ਕਿਸ਼ਤੀ ਵਿੱਚ ਵੱਧ ਤੋਂ ਵੱਧ 150 ਕਿਲੋਗ੍ਰਾਮ ਭਾਰ ਹੀ ਰੱਖ ਸਕਦੇ ਹਾਂ। ਇੱਕ ਕਿਨਾਰੇ ਤੋਂ ਦੂਜੇ ਕਿਨਾਰੇ ਤੱਕ ਜਾਣ ਅਤੇ ਵਾਪਸ ਆਉਣ ਦਾ ਕਿਰਾਇਆ 60 ਰੁਪਏ ਹੈ। ਉਹ ਆਦਮੀ ਕਿਸ਼ਤੀ ਆਪ ਵੀ ਚਲਾ ਸਕਦੇ ਹਨ। ਦੂਜੇ ਕਿਨਾਰੇ ਤੇ 40 ਕਿਲੋਗ੍ਰਾਮ ਭਾਰ ਵਾਲਾ ਲੜਕਾ ਉਨ੍ਹਾਂ ਨੂੰ 45 ਰੁਪਏ ਕਿਰਾਇਆ ਦੇ ਕੇ ਇੱਧਰ ਆਉਣਾ ਚਾਹੁੰਦਾ ਹੈ। ਦੱਸੋ ਤਿੰਨਾਂ ਨੂੰ ਕਿਤਨਾ ਕਿਰਾਇਆ ਦੇਣਾ ਪਵੇਗਾ?



67. ਜਗਸੀਰ ਨੇ ਸਾਲਾਨਾ ਪ੍ਰੀਖਿਆ ਵਿੱਚ ਕੁਲ 1000 ਨੰਬਰਾਂ ਵਿੱਚੋਂ ਜੋ ਨੰਬਰ ਪ੍ਰਾਪਤ ਕੀਤੇ ਦੇਖ ਕੇ ਪ੍ਰੇਸ਼ਾਨ ਹੋ ਗਿਆ। ਉਸ ਦੇ ਦੋਸਤ ਜੱਗੇ ਨੇ ਉਸ ਦੇ ਅੰਕ ਦੇਖ ਕੇ ਕਿਹਾ ਵਾਹ! ਬੜੇ ਜਾਦੂਈ ਨੰਬਰ ਹਨ- ਇਹ ਇਕ ਪੂਰਨ ਵਰਗ ਹਨ। ਇਸ ਦੇ ਸਿਰੇ ਵਾਲੇ ਅੰਕ ਤਬਦੀਲ ਕਰਨ ਤੇ ਕੋਈ ਵੀ ਅੰਤਰ ਨਹੀਂ ਆਉਂਦਾ। ਵਿਚਕਾਰਲੇ ਅੰਕ ਨੂੰ ਘੁਮਾ ਦੇਈਏ ਤਾਂ ਵੀ ਕੋਈ ਤਬਦੀਲੀ ਨਹੀਂ ਆਉਂਦੀ। ਪ੍ਰਾਪਤ ਅੰਕ ਦੱਸੋ?

68. ਇੱਕ ਬੱਸ ਵਿੱਚ ਸੀਟਾਂ ਦੇ ਪਿਛਲੇ ਪਾਸੇ ਇੱਕ ਸੀਟ ਤੇ 30 ਪਰ ਦੂਹਰੀ ਸੀਟ ਦੇ ਪਿਛੇ 49 ਰੰਗਦਾਰ ਬਟਨ ਲੱਗੇ ਹਨ। ਇਸੇ ਢੰਗ ਨਾਲ ਤਿੰਨ ਇਕੱਠੀਆਂ ਸੀਟਾਂ ਤੇ ਵੀ ਬਟਨ ਲੱਗੇ ਹਨ। ਉਸ ਵਿੱਚ ਸਿਰਫ਼ ਇੱਕ ਇਕਹਰੀ ਸੀਟ, 10 ਲਾਈਨਾਂ ਵਿੱਚ ਦਸ ਦੂਹਰੀਆਂ ਅਤੇ 10 ਲਾਈਨਾਂ ਵਿੱਚ ਤਿੰਨ-ਤਿੰਨ ਜੁੜਵੀਆਂ ਦਸ ਸੀਟਾਂ ਹਨ। ਕੁੱਲ 51 ਸੀਟਾਂ ਤੇ ਕੁੱਲ ਬਟਨ ਦੱਸੋ।





Scanned by CamScanner